# Virtual Summit between Prime Minister Shri Narendra Modi and Prime Minister of Finland H.E. Ms. Sanna Marin

March 15, 2021

---

# ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਫਿਨਲੈਂਡ ਦੇ ਪ੍ਰਧਾਨ ਮੰਤਰੀ ਮਹਾਮਹਿਮ ਸੁਸ਼੍ਰੀ ਸਨਾ ਮਰਿਨ ਦੇ ਦਰਮਿਆਨ ਵਰਚੁਅਲ ਸਮਿਟ

15 ਮਾਰਚ, 2021

1. ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ 16 ਮਾਰਚ, 2021 ਨੂੰ ਫਿਨਲੈਂਡ ਦੇ ਪ੍ਰਧਾਨ ਮੰਤਰੀ ਮਹਾਮਹਿਮ ਸੁਸ਼੍ਰੀ ਸਨਾ ਮਰਿਨ ਨਾਲ ਵਰਚੁਅਲ ਸਮਿਟ ਕਰਨਗੇ।

2. ਭਾਰਤ ਅਤੇ ਫਿਨਲੈਂਡ ਜਮਹੂਰੀਅਤ, ਆਜ਼ਾਦੀ ਦੀਆਂ ਸਾਂਝੀਆਂ ਕਦਰਾਂ–ਕੀਮਤਾਂ ਅਤੇ ਅੰਤਰਰਾਸ਼ਟਰੀ ਵਿਵਸਥਾ ਅਧਾਰਿਤ ਨਿਯਮਾਂ ਦੇ ਅਧਾਰ ਉੱਤੇ ਨਿੱਘੇ ਅਤੇ ਦੋਸਤਾਨਾ ਸਬੰਧਾਂ ਦਾ ਆਨੰਦ ਮਾਣਦੇ ਹਨ। ਦੋਵੇਂ ਦੇਸ਼ਾਂ ਵਪਾਰ ਤੇ ਨਿਵੇਸ਼, ਸਿੱਖਿਆ, ਇਨੋਵੇਸ਼ਨ, ਵਿਗਿਆਨ ਤੇ ਟੈਕਨੋਲੋਜੀ ਦੇ ਨਾਲ–ਨਾਲ ਖੋਜ ਤੇ ਵਿਕਾਸ ਦੇ ਖੇਤਰਾਂ ਵਿੱਚ ਬਹੁਤ ਨੇੜਲਾ ਸਹਿਯੋਗ ਹੈ। ਦੋਵੇਂ ਧਿਰਾਂ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਦਿਆਂ 'ਕੁਐਂਟਮ ਕੰਪਿਊਟਰ' ਦੇ ਸਾਂਝੇ ਵਿਕਾਸ ਵਿੱਚ ਆਪਸੀ ਤਾਲਮੇਲ ਵੀ ਚਲ ਰਿਹਾ ਹੈ। ਫਿਨਲੈਂਡ ਦੀਆਂ ਲਗਭਗ 100 ਕੰਪਨੀਆਂ ਦੂਰਸੰਚਾਰ, ਐਲੀਵੇਟਰਜ਼, ਮਸ਼ੀਨਰੀ ਤੇ ਅਖੁੱਟ ਊਰਜਾ ਸਮੇਤ ਊਰਜਾ ਜਿਹੇ ਭਾਰਤ ਦੇ ਵਿਭਿੰਨ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਲਗਭਗ 30 ਭਾਰਤੀ ਕੰਪਨੀਆਂ ਵੀ ਫਿਨਲੈਂਡ ਵਿੱਚ ਸੂਚਨਾ ਟੈਕਨੋਲੋਜੀ, ਆਟੋ–ਪਾਰਟਸ ਤੇ ਪ੍ਰਾਹੁਣਚਾਰੀ ਖੇਤਰ 'ਚ ਸਰਗਰਮ ਹਨ।

3. ਇਸ ਸਿਖ਼ਰ ਵਾਰਤਾ ਦੌਰਾਨ ਦੋਵੇਂ ਆਗੂ ਦੁਵੱਲੇ ਸਬੰਧਾਂ ਦੇ ਸਮੁੱਚੇ ਵਰਣਕ੍ਰਮ ਨੂੰ ਕਵਰ ਕਰਨਗੇ ਅਤੇ ਆਪਸੀ ਹਿਤਾਂ ਦੇ ਖੇਤਰੀ ਤੇ ਵਿਸ਼ਵ ਮਾਮਲਿਆਂ ਬਾਰੇ ਵਿਚਾਰਾਂ ਦਾ ਅਦਾਨ–ਪ੍ਰਦਾਨ ਵੀ ਕਰਨਗੇ। ਇਹ ਵਰਚੁਅਲ ਸਮਿਟ ਭਾਰਤ–ਫਿਨਲੈਂਡ ਭਾਈਵਾਲੀ ਦੇ ਭਵਿੱਖ 'ਚ ਹੋਰ ਪਾਸਾਰ ਤੇ ਵਿਭਿੰਨਤਾ ਕਰਣ ਲਈ ਇੱਕ ਖ਼ਾਕਾ ਮੁਹੱਈਆ ਕਰਵਾਏਗਾ।

ਨਵੀਂ ਦਿੱਲੀ

15 ਮਾਰਚ, 2021

DISCLAIMER: This is an approximate translation. The original is available in English on MEA's website and may be referred to as the official press release.